Government of **Western Australia**
**North Metropolitan Health Service**

BreastScreen WA
WA's only accredited screening service

# ਛਾਤੀਆਂ ਦੀ ਐਕਸਰੇ ਜਾਂਚ (ਮੈਮੋਗ੍ਰਾਫੀ) ਵਾਸਤੇ ਜਾਣਕਾਰੀ

ਬਰੈਸਟ-ਸਕ੍ਰੀਨ ਡਬਲਯੂ ਏ (BreastScreen WA) ਦੇ ਕਲੀਨਿਕ ਵਿੱਚ ਤੁਹਾਡਾ ਸਵਾਗਤ ਹੈ।

ਕਿਰਪਾ ਕਰਕੇ ਆਪਣੀਆਂ ਛਾਤੀਆਂ ਦੇ ਐਕਸਰੇ (ਮੈਮੋਗ੍ਰਾਮ) ਕਰਵਾਉਣ ਤੋਂ **ਪਹਿਲਾਂ** ਮੈਮੋਗ੍ਰਾਫੀ ਜਾਂਚ ਅਤੇ ਸਹਿਮਤੀ ਫਾਰਮ ਬਾਰੇ ਇਸ ਮਹੱਤਵਪੂਰਣ ਜਾਣਕਾਰੀ ਨੂੰ ਪੜ੍ਹੋ। ਜੇਕਰ ਤੁਹਾਡੇ ਕੋਈ ਸਵਾਲ ਹਨ ਤਾਂ ਜਾਂਚ ਕੇਂਦਰ ਦੇ ਕਰਮਚਾਰੀ ਤੁਹਾਡੀ ਸਹਾਇਤਾ ਕਰ ਸਕਦੇ ਹਨ। ਕਿਰਪਾ ਕਰਕੇ ਯਾਦ ਰੱਖੋ ਕਿ ਤੁਸੀਂ ਜਾਂਚ ਦੀ ਵਿਧੀ ਨੂੰ ਕਿਸੇ ਸਮੇਂ ਵੀ ਰੁਕਵਾ ਸਕਦੇ ਹੋ।

- ਉਹਨਾਂ ਔਰਤਾਂ ਨੂੰ ਮੈਮੋਗ੍ਰਾਮ ਰਾਹੀਂ ਜਾਂਚ ਕਰਵਾਉਣ ਦੀ ਸਲਾਹ ਨਹੀਂ ਦਿੱਤੀ ਜਾਂਦੀ ਜਿੰਨ੍ਹਾਂ ਨੂੰ ਸ਼ੱਕ ਹੋਵੇ ਕਿ ਉਹ ਗਰਭਵਤੀ ਹਨ। ਜੇਕਰ ਕੋਈ ਸੰਭਾਵਨਾ ਹੈ ਕਿ ਤੁਸੀਂ ਗਰਭਵਤੀ ਹੋ ਸਕਦੇ ਹੋ, ਕਿਰਪਾ ਕਰਕੇ ਰਿਸੈਪਸ਼ਨਿਸਟ ਜਾਂ ਰੇਡੀਓਗਰਾਫਰ ਨੂੰ ਦੱਸ ਦੇਵੋ।
- ਜਿਹੜੀਆਂ ਔਰਤਾਂ ਬੱਚੇ ਨੂੰ ਆਪਣਾ ਦੁੱਧ ਚੁੰਘਾਅ ਰਹੀਆਂ ਹਨ, ਉਹਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੀ ਮੈਮੋਗ੍ਰਾਮ ਰਾਹੀਂ ਜਾਂਚ ਨੂੰ ਦੁੱਧ ਚੁੰਘਾਉਣਾ ਬੰਦ ਕਰਨ ਦੇ 3 ਮਹੀਨੇ ਬਾਅਦ ਤੱਕ ਟਾਲ ਦੇਣ। ਇਹ ਇਸ ਲਈ ਕਿਉਂਕਿ ਦੁੱਧ ਚੁੰਘਾਉਂਦੇ ਸਮੇਂ ਔਰਤਾਂ ਦੀ ਛਾਤੀ ਦੇ ਟਿਸ਼ੂ ਬਹੁਤ ਸੰਘਣੇ ਹੁੰਦੇ ਹਨ, ਅਤੇ ਇਸ ਸਮੇਂ ਦੌਰਾਨ ਮੈਮੋਗ੍ਰਾਮ ਸ਼ਾਇਦ ਉਨ੍ਹਾਂ ਜ਼ਿਆਦਾ ਅਸਰਦਾਰ ਨਾ ਹੋਵੇ।

### ਛਾਤੀਆਂ ਦੀ ਜਾਂਚ ਦੇ ਪ੍ਰੋਗਰਾਮ ਬਾਰੇ

ਛਾਤੀਆਂ ਦੀ ਜਾਂਚ ਦੇ ਪ੍ਰੋਗਰਾਮ ਦਾ ਉਦੇਸ਼ ਛਾਤੀ ਦੇ ਕੈਂਸਰ ਤੋਂ ਹੋਣ ਵਾਲੀਆਂ ਮੌਤਾਂ ਨੂੰ ਘਟਾਉਣਾ ਹੈ। ਮੈਮੋਗ੍ਰਾਮ (ਛਾਤੀ ਦਾ ਐਕਸਰੇ) ਅੱਜ ਦੇ ਸਮੇਂ ਛਾਤੀ ਦੇ ਕੈਂਸਰਾਂ ਦਾ ਪਤਾ ਲਗਾਉਣ ਦਾ ਸਭ ਤੋਂ ਵਧੀਆ ਤਰੀਕਾ ਹੈ ਜਦੋਂ ਉਹ ਮਹਿਸੂਸ ਕਰਨ ਲਈ ਬਹੁਤ ਛੋਟੇ ਹੁੰਦੇ ਹਨ। ਜਿੰਨ੍ਹੀ ਜਲਦੀ ਛਾਤੀ ਦੇ ਕੈਂਸਰ ਦਾ ਪਤਾ ਲੱਗੇਗਾ ਉਨ੍ਹੇ ਹੀ ਜ਼ਿਆਦਾ ਉਸ ਦੇ ਸਫਲ ਇਲਾਜ ਕਰਨ ਦੇ ਮੌਕੇ ਹੋਣਗੇ।

ਬਰੈਸਟ-ਸਕਰੀਨ ਡਬਲਯੂ ਏ (BreastScreen WA) ਪ੍ਰੋਗਰਾਮ ਦਾ ਸਾਰਾ ਧਿਆਨ ਛਾਤੀ ਦੇ ਕੈਂਸਰ ਦਾ ਜਲਦੀ ਪਤਾ ਲਗਾਉਣ ਉਪਰ ਹੈ। ਮੌਜੂਦਾ ਡਾਕਟਰੀ ਸਬੂਤ ਵਿਖਾਉਂਦੇ ਹਨ ਕਿ 50-74 ਸਾਲ ਦੀਆਂ ਔਰਤਾਂ ਵਾਸਤੇ ਐਕਸਰੇ ਕਰਨ ਵਾਲੀ ਜਾਂਚ ਸਭ ਤੋਂ ਉਪਯੋਗੀ ਹੈ। ਤੁਹਾਨੂੰ ਛਾਤੀ ਦਾ ਕੈਂਸਰ ਹੋਣ ਦਾ ਖਤਰਾ ਉਮਰ ਦੇ ਨਾਲ-ਨਾਲ ਵੱਧਦਾ ਹੈ। ਲੱਗਭੱਗ ਛਾਤੀਆਂ ਦਾ 70% ਕੈਂਸਰ, 50 ਸਾਲ ਜਾਂ ਉਸ ਤੋਂ ਵੱਧ ਉਮਰ ਵਾਲੀਆਂ ਔਰਤਾਂ ਨੂੰ ਹੁੰਦਾ ਹੈ। ਮੈਮੋਗ੍ਰਾਮਾਂ ਰਾਹੀਂ ਲਗਾਤਾਰ ਜਾਂਚ ਇਹਨਾਂ ਔਰਤਾਂ ਵਿੱਚ ਮੌਤਾਂ ਨੂੰ 30% ਦੇ ਲੱਗਭੱਗ ਘਟਾ ਦਿੰਦਾ ਹੈ। 50 ਸਾਲ ਤੋਂ ਘੱਟ ਉਮਰ ਦੀਆਂ ਔਰਤਾਂ ਵਾਸਤੇ ਮੈਮੋਗ੍ਰਾਮਾਂ ਰਾਹੀਂ ਜਾਂਚ ਦੇ ਫਾਇਦੇ ਘੱਟ ਹਨ।

### ਮੈਮੋਗ੍ਰਾਮ ਕਿਵੇਂ ਲਿਆ ਜਾਂਦਾ ਹੈ

ਤੁਹਾਨੂੰ ਆਪਣੀ ਅੰਗੀ ਉਤਾਰ ਕੇ ਆਪਣੀ ਕਮੀਜ਼ ਨੂੰ ਪਾਉਣ ਲਈ ਕਿਹਾ ਜਾਵੇਗਾ, ਜਾਂ ਜੇ ਲੋੜ ਹੋਵੇ ਤਾਂ ਇਕ ਵਾਰੀ ਵਰਤਣ ਵਾਲਾ ਗਾਊਨ ਉਪਲਬਧ ਹੁੰਦਾ ਹੈ। ਖਾਸ ਤੌਰ ਤੇ ਇਕ ਸਿਖਲਾਈ ਪ੍ਰਾਪਤ ਜਨਾਨਾ ਰੇਡੀਓਗ੍ਰਾਫਰ ਜਾਂ ਮੈਮੋਗ੍ਰਾਫੀ ਤਕਨੀਸ਼ੀਅਨ ਤੁਹਾਡਾ ਮੈਮੋਗ੍ਰਾਮ ਲਵੇਗੀ। ਜਦੋਂ ਮੈਮੋਗ੍ਰਾਮ ਲਿਆ ਜਾ ਰਿਹਾ ਹੈ ਤਾਂ ਸਾਫ਼ ਤਸਵੀਰ ਲੈਣ ਵਾਸਤੇ ਛਾਤੀ ਨੂੰ ਥੋੜ੍ਹੇ ਸਕਿੰਟਾਂ ਲਈ ਦਬਾਇਆ ਜਾਵੇਗਾ। ਇਹ ਬੇਆਰਾਮਾ ਹੋ ਸਕਦਾ ਹੈ। ਆਮ ਤੌਰ ਤੇ ਹਰੇਕ ਛਾਤੀ ਦੀਆਂ ਦੋ ਤਸਵੀਰਾਂ ਲਈਆਂ ਜਾਂਦੀਆਂ ਹਨ, ਪਰ ਕਈ ਵਾਰੀ ਜ਼ਿਆਦਾ ਦੀ ਲੋੜ ਵੀ ਹੋ ਸਕਦੀ ਹੈ।

### ਮੈਮੋਗ੍ਰਾਮ ਨੂੰ ਕੌਣ ਵੇਖਦਾ ਹੈ?

ਤੁਹਾਡੇ ਮੈਮੋਗ੍ਰਾਮ ਦਾ ਨਤੀਜਾ ਘੱਟੋ ਘੱਟ ਦੋ ਮਾਹਰ ਡਾਕਟਰਾਂ (ਰੇਡੀਓਲਿਜਸਟਾਂ) ਦੇ ਵਿਚਕਾਰ ਸਮਝੌਤੇ ਉਪਰ ਆਧਾਰਿਤ ਹੁੰਦਾ ਹੈ, ਜੋ ਕਿ ਮੈਮੋਗ੍ਰਾਮਾਂ ਨੂੰ ਵੇਖਣ ਵਿੱਚ ਬਹੁਤ ਤਜ਼ਰਬਾ ਰੱਖਦੇ ਹਨ। ਸਾਰਿਆਂ ਮੈਮੋਗ੍ਰਾਮਾਂ ਨੂੰ ਸੁਤੰਤਰ ਤੌਰ ਤੇ ਵੇਖਿਆ ਜਾਂਦਾ ਹੈ। ਕਦੇ ਕਦਾਈਂ, ਜੇਕਰ ਪਹਿਲੇ ਦੋ ਰੇਡੀਓਲਿਜਸਟ ਸਹਿਮਤ ਨਹੀਂ ਹੁੰਦੇ, ਇਕ ਤੀਸਰਾ ਰੇਡੀਓਲਿਜਸਟ ਤੁਹਾਡੇ ਮੈਮੋਗ੍ਰਾਮ ਨੂੰ ਵੇਖੇਗਾ।

### ਕੀ ਹੋਵੇਗਾ ਜੇ ਮੈਨੂੰ ਦੋਬਾਰਾ ਐਕਸਰੇ ਦੀ ਲੋੜ ਪੈਂਦੀ ਹੈ?

ਬਹੁਤ ਹੀ ਘੱਟ ਕਦੇ ਕਦਾਈਂ ਰੇਡੀਓਲਿਜਸਟ ਦੋਬਾਰਾ ਐਕਸਰੇ ਲੈਣ ਲਈ ਬੇਨਤੀ ਕਰੇਗਾ ਜੇਕਰ ਲਈ ਗਈ ਫੋਟੋ ਵੇਖਣ ਜੋਗੀ ਸਾਫ਼ ਨਾ ਹੋਵੇ। ਜੇਕਰ ਇਹ ਜ਼ਰੂਰੀ ਹੋਵੇ ਤਾਂ ਤੁਹਾਨੂੰ ਫੋਨ ਕਾਲ ਜਾਂ ਵਾਪਸ ਆਉਣ ਲਈ ਬੇਨਤੀ ਵਾਲੀ ਚਿੱਠੀ ਮਿਲੇਗੀ। ਇਹ ਦੋਬਾਰਾ ਤੋਂ ਕੀਤੇ ਜਾਣ ਵਾਲੇ ਐਕਸਰੇ, ਜਾਂਚ ਵਾਲੇ ਕਲੀਨਿਕ ਵਿੱਚ ਕੀਤੇ ਜਾਣਗੇ।

### ਨਤੀਜਿਆਂ ਦੀ ਸੂਚਨਾ

ਤੁਹਾਡੇ ਮੈਮੋਗ੍ਰਾਮ ਰਾਹੀਂ ਜਾਂਚ ਦੇ ਨਤੀਜੇ ਤੁਹਾਨੂੰ (ਦੋ ਤੋਂ ਤਿੰਨ ਹਫਤਿਆਂ ਦੇ ਅੰਦਰ ਅੰਦਰ) ਐਸ ਐਮ ਐਸ ਰਾਹੀਂ ਭੇਜੇ ਜਾਣਗੇ, ਜਾਂ ਤੁਸੀਂ ਆਪਣੇ ਨਤੀਜਿਆਂ ਨੂੰ ਈਮੇਲ ਰਾਹੀਂ ਪ੍ਰਾਪਤ ਕਰਨ ਲਈ ਵੀ ਚੁਣ ਸਕਦੇ ਹੋ। ਤੁਹਾਡੀ ਸਹਿਮਤੀ ਦੇ ਨਾਲ, ਤੁਹਾਡਾ ਡਾਕਟਰ ਵੀ ਤੁਹਾਡੇ ਨਤੀਜਿਆਂ ਨੂੰ ਪ੍ਰਾਪਤ ਕਰੇਗਾ। ਮੈਮੋਗ੍ਰਾਮ ਵਿੱਚ ਆਏ ਬਦਲਾਵਾਂ ਜੋ ਕਿ ਛਾਤੀ ਦੇ ਕੈਂਸਰ ਦੇ ਲੱਛਣ ਨਹੀਂ ਗਿਣੇ ਜਾਂਦੇ, ਉਹਨਾਂ ਨੂੰ ਦੱਸਿਆ ਨਹੀਂ ਜਾਂਦਾ ਅਤੇ ਔਰਤਾਂ ਨੂੰ ਇਹਨਾਂ ਸ਼ੁਰੂਆਤੀ ਬਦਲਾਵਾਂ ਦੇ ਬਾਰੇ ਸੂਚਿਤ ਨਹੀਂ ਕੀਤਾ ਜਾਵੇਗਾ।

ਔਰਤਾਂ ਨੂੰ ਅਗਲੇਰੀਆਂ ਜਾਂਚਾਂ ਲਈ ਵਾਪਸ ਬੁਲਾਉਣਾ ਕੋਈ ਅਜੀਬ ਗੱਲ ਨਹੀਂ ਹੈ। ਜੇਕਰ ਇਸ ਦੀ ਲੋੜ ਹੋਵੇ, ਬਰੈਸਟ-ਸਕਰੀਨ ਡਬਲਯੂ ਏ (BreastScreen WA) ਵਾਲੇ ਇਸ ਬਾਰੇ ਵਿਚਾਰਨ ਲਈ ਤੁਹਾਨੂੰ ਫੋਨ ਕਰਨਗੇ। ਇਹਨਾਂ ਜਾਂਚਾਂ ਵਿੱਚੋਂ ਬਹੁਤੇ ਕੋਈ ਐਸੀ ਮੁਸ਼ਕਿਲ ਨਹੀਂ ਵਿਖਾਉਂਦੇ ਜਿਸ ਨੂੰ ਅਗਲੇਰੀ ਪੜਤਾਲ ਦੀ ਲੋੜ ਹੋਵੇ।

ਜਿਹੜੀਆਂ ਔਰਤਾਂ ਦੀ ਜਾਂਚ ਮਹਾਂ-ਨਗਰ ਖੇਤਰ ਦੇ ਵਿੱਚ ਕੀਤੀ ਗਈ ਸੀ ਉਹਨਾਂ ਨੂੰ ਬਰੈਸਟ-ਸਕਰੀਨ ਡਬਲਯੂ ਏ (BreastScreen WA) ਦੇ ਮੁਲਾਂਕਣ ਕੇਂਦਰ ਵਿਖੇ ਮਿਲਣ ਦੇ ਸਮੇਂ ਦੀ ਪੇਸ਼ਕਸ਼ ਕੀਤੀ ਜਾਵੇਗੀ ਜਿੱਥੇ ਹੋਰ ਮੈਮੋਗ੍ਰਾਮ ਕੀਤੇ ਜਾਂਦੇ ਹਨ ਜਾਂ, ਜੇਕਰ ਲੋੜ ਹੋਵੇ, ਹੋਰ ਜਾਂਚਾਂ ਕੀਤੀਆਂ ਜਾਣਗੀਆਂ। ਜਿਹੜੀਆਂ ਔਰਤਾਂ ਦੀ ਜਾਂਚ ਦਿਹਾਤੀ ਚੱਲਦੇ ਫਿਰਦੇ ਯੂਨਿਟ ਉਪਰ ਕੀਤੀ ਗਈ ਸੀ, ਉਹਨਾਂ ਦੀ ਸਹੂਲਤ ਵਾਸਤੇ ਇਹ ਹੋਰ ਮੈਮੋਗ੍ਰਾਮ ਚੱਲਦੇ ਫਿਰਦੇ ਯੂਨਿਟ, ਬੱਨਬਰੀ ਮੁਲਾਂਕਣ ਕੇਂਦਰ ਜਾਂ ਮੰਡੂਰਾਹ ਕਲੀਨਿਕ ਵਿਖੇ ਕੀਤੇ ਜਾਣਗੇ।

**ਕਿਰਪਾ ਨੋਟ ਕਰੋ**: ਭਵਿੱਖ ਦੇ ਐਕਸਰਿਆਂ ਨਾਲ ਤੁਲਨਾ ਕਰਨ ਵਾਸਤੇ ਬਰੈਸਟ-ਸਕਰੀਨ ਡਬਲਯੂ ਏ (BreastScreen WA) ਮੈਮੋਗ੍ਰਾਮਾਂ ਨੂੰ ਆਪਣੇ ਕੋਲ ਰੱਖਦਾ ਹੈ।

### ਮੈਮੋਗ੍ਰਾਮ ਕਿੰਨੇ ਕੁ ਭਰੋਸੇਮੰਦ ਹਨ?

ਮੈਮੋਗ੍ਰਾਮ ਛਾਤੀ ਦੇ 70% - 90% ਕੈਂਸਰਾਂ ਨੂੰ ਵਿਖਾ ਸਕਦੇ ਹਨ। ਕੁਝ ਕੈਂਸਰ ਇਹੋ ਜਿਹੇ ਹਨ ਜਿੰਨ੍ਹਾਂ ਨੂੰ ਮੈਮੋਗ੍ਰਾਮ ਵਿੱਚ ਨਹੀਂ ਵੇਖਿਆ ਜਾ ਸਕਦਾ। ਘੱਟ ਉਮਰ ਦੀਆਂ ਔਰਤਾਂ ਜਾਂ ਹਾਰਮੋਨ ਬਦਲਣ ਵਾਲਾ ਇਲਾਜ ਕਰਵਾ ਰਹੀਆਂ ਔਰਤਾਂ ਦੇ ਛਾਤੀ ਦੇ ਟਿਸ਼ੂ ਵੱਡੀ ਉਮਰ ਵਾਲੀਆਂ ਔਰਤਾਂ ਦੇ ਮੁਕਾਬਲੇ ਜ਼ਿਆਦਾ ਸੰਘਣੇ ਹੁੰਦੇ ਹਨ ਅਤੇ ਮੈਮੋਗ੍ਰਾਮ ਵਿੱਚ ਕੈਂਸਰ ਦਾ ਪਤਾ ਲਗਾਉਣਾ ਹੋਰ ਔਖਾ ਕਰ ਸਕਦੇ ਹਨ। ਇਸ ਦੇ ਨਤੀਜੇ ਵਜੋਂ ਘੱਟ ਉਮਰ ਦੀਆਂ ਔਰਤਾਂ ਨੂੰ ਛੋਟੇ ਔਪਰੇਸ਼ਨ ਸਮੇਤ ਹੋਰ ਪੜਤਾਲ ਦੀ ਲੋੜ ਪੈ ਸਕਦੀ ਹੈ, ਕਿਉਂਕਿ ਮੈਮੋਗ੍ਰਾਮ ਦੇ ਆਧਾਰ ਤੇ ਕੈਂਸਰ ਦੇ ਖਤਰੇ ਨੂੰ ਪਾਸੇ ਕਰਨ ਦੀ ਔਖਿਆਈ ਹੁੰਦੀ ਹੈ। ਮੈਮੋਗ੍ਰਾਮ ਕਰਵਾਉਣ ਨਾਲ ਛਾਤੀ ਦੇ ਕੈਂਸਰ ਤੋਂ ਬਚਾਅ ਨਹੀਂ ਹੋ ਸਕਦਾ ਪਰ ਜਲਦੀ ਪਤਾ ਲੱਗ ਜਾਣ ਤੇ ਸਫਲਤਾ ਪੂਰਵਕ ਇਲਾਜ ਨੂੰ ਯਕੀਨੀ ਬਨਾਉਣ ਦੇ ਵਧੀਆ ਮੌਕੇ ਹੁੰਦੇ ਹਨ।

### ਕੀ ਮੈਮੋਗ੍ਰਾਮ ਕੋਈ ਨੁਕਸਾਨ ਪਹੁੰਚਾ ਸਕਦਾ ਹੈ?

ਮੈਮੋਗ੍ਰਾਮ ਲੈਂਦੇ ਸਮੇਂ ਵਰਤੇ ਗਏ ਦਬਾਅ ਕਰਕੇ ਕਦੇ ਕਦਾਈਂ ਛਾਤੀਆਂ ਦੀ ਆਰਜ਼ੀ ਨਰਮਾਈ ਹੋ ਸਕਦੀ ਹੈ ਜਾਂ ਮਾਮੂਲੀ ਸੱਟ ਲੱਗ ਸਕਦੀ ਹੈ। ਇਹ ਛਾਤੀਆਂ ਦੇ ਟਿਸ਼ੂਆਂ ਦੇ ਕਿਸੇ ਲੰਬੇ ਸਮੇਂ ਦੇ ਨੁਕਸਾਨ ਦਾ ਕਾਰਣ ਨਹੀਂ ਬਣਦਾ ਹੈ। ਹਰੇਕ ਮੈਮੋਗ੍ਰਾਮ ਬਹੁਤ ਥੋੜੀ ਮਾਤਰਾ ਵਿੱਚ ਰੇਡੀਏਸ਼ਨ ਦੀ ਵਰਤੋਂ ਕਰਦਾ ਹੈ। ਮੌਜੂਦਾ ਸਬੂਤ ਵਿਖਾਉਂਦੇ ਹਨ ਕਿ ਇਸ ਰੇਡੀਏਸ਼ਨ ਦੇ ਪ੍ਰਭਾਵ ਨਾਲ ਬਹੁਤ ਹੀ ਘੱਟ ਖਤਰੇ ਸਬੰਧਿਤ ਹਨ। ਮੈਮੋਗ੍ਰਾਫੀ ਦੇ ਫਾਇਦੇ ਇਸ ਖਤਰੇ ਤੋਂ ਕਿਤੇ ਜ਼ਿਆਦਾ ਹਨ।

### ਜੇਕਰ ਹੁਣ ਮੇਰੀ ਛਾਤੀ ਵਿੱਚ ਗੰਢ ਹੈ ਜਾਂ ਮੈਨੂੰ ਛਾਤੀ ਦੀ ਤਕਲੀਫ ਹੈ ਤਾਂ ਕੀ?

ਜੇਕਰ ਤੁਸੀਂ ਆਪਣੀ ਛਾਤੀ ਵਿੱਚ ਗੰਢ ਮਹਿਸੂਸ ਕਰਦੇ ਹੋ, ਨਿੱਪਲ ਵਿੱਚੋਂ ਕੁਝ ਰਿਸਦਾ ਹੈ ਜਾਂ ਤੁਹਾਡੀਆਂ ਛਾਤੀਆਂ ਵਿੱਚ ਬਦਲਾਅ ਆਇਆ ਹੈ, ਕਿਰਪਾ ਕਰਕੇ ਰੇਡੀਓਗਰਾਫਰ ਜਾਂ ਮੈਮੋਗ੍ਰਾਫੀ ਤਕਨੀਸ਼ੀਅਨ ਨੂੰ ਦੱਸੋ ਇਸ ਤੋਂ ਪਹਿਲਾਂ ਕਿ ਉਹ ਤੁਹਾਡਾ ਮੈਮੋਗ੍ਰਾਮ ਲਵੇ। ਇਹ ਵੀ ਮਹੱਤਵਪੂਰਣ ਹੈ ਕਿ ਤੁਸੀਂ ਇਹਨਾਂ ਲੱਛਣਾਂ ਬਾਰੇ ਆਪਣੇ ਡਾਕਟਰ ਨੂੰ ਮਿਲੋ ਭਾਂਵੇਂ ਕਿ ਤੁਹਾਡਾ ਮੈਮੋਗ੍ਰਾਮ ਠੀਕ ਹੋਵੇ।

### ਮੈਂ ਆਪਣੇ ਡਾਕਟਰ ਦੇ ਵੇਰਵੇ ਤੁਹਾਨੂੰ ਕਿਉਂ ਦੇਵਾਂ?

ਤੁਹਾਨੂੰ ਵਧੀਆ ਸਾਂਭ-ਸੰਭਾਲ ਦੇਣ ਵਾਸਤੇ, ਤੁਹਾਡੇ ਡਾਕਟਰ ਨੂੰ ਤੁਹਾਡੇ ਸਾਰੇ ਸਿਹਤ ਸੰਭਾਲ ਦੇ ਬਾਰੇ ਵਿੱਚ ਜਾਣਕਾਰੀ ਹੋਣੀ ਚਾਹੀਦੀ ਹੈ। ਅਸੀਂ ਤੁਹਾਡੇ ਮੈਮੋਗ੍ਰਾਮ ਦੇ ਨਤੀਜੇ ਉਸ ਨੂੰ ਭੇਜਣਾ ਚਾਹੁੰਦੇ ਹਾਂ। ਮੈਮੋਗ੍ਰਾਮਾਂ ਦੇ ਵਿਚਕਾਰਲੇ ਸਮੇਂ ਦੌਰਾਨ ਇਹ ਮਹੱਤਵਪੂਰਣ ਹੈ ਕਿ ਤੁਸੀਂ ਆਪਣੀਆਂ ਛਾਤੀਆਂ ਨੂੰ ਜਾਂਚਦੇ ਰਹੋ ਅਤੇ ਕਿਸੇ ਵੀ ਬਦਲਾਅ ਨੂੰ ਉਸੇ ਵੇਲੇ ਆਪਣੇ ਡਾਕਟਰ ਨੂੰ ਦੱਸੋ। ਅਸੀਂ ਸਲਾਹ ਦੇਵਾਂਗੇ ਕਿ ਤੁਸੀਂ ਆਪਣੀ ਡਾਕਟਰ ਕੋਲੋਂ ਆਪਣੀਆਂ ਛਾਤੀਆਂ ਦੀ ਲਗਾਤਾਰ ਜਾਂਚ ਕਰਵਾਉਂਦੇ ਰਹੋ।

### ਕੱਦ ਅਤੇ ਭਾਰ ਦੀ ਜਾਣਕਾਰੀ

ਬਰੈਸਟ-ਸਕਰੀਨ ਡਬਲਯੂ ਏ (BreastScreen WA) ਕੱਦ ਅਤੇ ਭਾਰ ਦੀ ਜਾਣਕਾਰੀ ਮੈਮੋਗ੍ਰਾਫੀ ਕਰਨ ਵੇਲੇ ਇਕੱਠਾ ਕਰਦਾ ਹੈ। ਇਸ ਜਾਣਕਾਰੀ ਛਾਤੀ ਦੇ ਕੈਂਸਰ ਦੀ ਜਾਂਚ ਦੇ ਪ੍ਰਭਾਵਾਂ ਨੂੰ ਭਵਿੱਖ ਵਿੱਚ ਸੁਧਾਰਨ ਲਈ ਉਪਯੋਗੀ ਹੋ ਸਕਦੀ ਹੈ। ਬਰੈਸਟ-ਸਕਰੀਨ ਡਬਲਯੂ ਏ (BreastScreen WA) ਇਹ ਪੁੱਛ ਰਿਹਾ ਹੈ ਕਿ ਕੀ ਜੇਕਰ ਤੁਸੀਂ ਅੱਜ ਆਪਣਾ ਕੱਦ ਅਤੇ ਭਾਰ ਦਰਜ ਕਰਵਾਉਣ ਬਾਰੇ ਵਿਚਾਰੋਗੇ। ਜੇ ਲੋੜ ਹੋਵੇ ਤਾਂ ਭਾਰ ਤੋਲਣ ਵਾਲੀ ਮਸ਼ੀਨ ਅਤੇ ਕੱਦ ਮਾਪਣ ਵਾਲਾ ਯੰਤਰ ਉਪਲਬਧ ਹੈ। ਹਿੱਸਾ ਲੈਣਾ ਬਿਲਕੁਲ ਆਪਣੀ ਇੱਛਾ ਅਨੁਸਾਰ ਹੈ। ਹਿੱਸਾ ਨਾ ਲੈਣ ਦੀ ਸੂਰਤ ਵਿੱਚ ਤੁਹਾਡੀ ਸਾਂਭ-ਸੰਭਾਲ ਉਪਰ ਕਿਸੇ ਕਿਸਮ ਦਾ ਕੋਈ ਅਸਰ ਨਹੀਂ ਪਵੇਗਾ। ਜੇਕਰ ਤੁਹਾਡੇ ਇਸ ਬਾਰੇ ਕੋਈ ਸਵਾਲ ਹਨ, ਕਿਰਪਾ ਕਰਕੇ ਬਰੈਸਟ-ਸਕਰੀਨ ਡਬਲਯੂ ਏ (BreastScreen WA) ਦੇ ਨਾਲ 9323 6703 ਉਪਰ ਸੰਪਰਕ ਕਰਨ ਤੋਂ ਬਿਲਕੁਲ ਨਾ ਝਿਜਕੋ ਜਾਂ ਵਿਚਾਰ ਦੱਸਣ ਲਈ ਰਿਸੈਪਸ਼ਨ ਨੂੰ ਸਾਡੇ ਸੁਝਾਅ ਦੱਸਣ ਵਾਲੇ ਕਿਤਾਬਚੇ ਦੀ ਕਾਪੀ ਦੇਣ ਲਈ ਕਹੋ।

ਹੋਰ ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ www.breastscreen.health.wa.gov.au ਉਪਰ ਜਾਓ।